AQA

A-level

# PANJABI

Paper 3 Listening, Reading and Writing

# Insert

Section C for use with Question 6

**Materials**

- Listening material
- Combined Question Paper/Answer Booklet

**Instructions**

- Listen to the recording provided and read the text in this Insert.
- Make notes in this booklet in the spaces provided on both the recording and the reading text. Use these notes to respond to the essay title in the combined Question Paper/Answer Booklet. (Section C Question 6)

**Information**

The notes you write in this booklet will not be marked but must be included with your essay.

G/KL/7682/3/Jun21/E4

**Listening**

Make your notes below on the key points of the recording.

## Reading

ਤੁਸੀਂ ਟੈਲੀਵਿਜ਼ਨ ਦੇ ਅਸਰਾਂ ਬਾਰੇ ਇੱਕ ਪੰਜਾਬੀ ਬਲੌਗ ਦਾ ਸਾਰ ਪੜ੍ਹਦੇ ਹੋ।

ਟੈਲੀਵਿਜ਼ਨ, ਅੱਜ ਕੱਲ੍ਹ ਦੁਨੀਆ ਵਿੱਚ ਮਨੋਰੰਜਨ ਲਈ ਵਰਤੇ ਜਾਣ ਵਾਲੇ ਸ੍ਰੇਸ਼ਠ ਯੰਤਰਾਂ ਵਿੱਚੋਂ ਇੱਕ ਹੈ। ਹੁਣ ਹਰੇਕ ਘਰ ਵਿੱਚ ਟੈਲੀਵਿਜ਼ਨ ਹੋਣਾ ਇੱਕ ਮਾਮੂਲੀ ਗੱਲ ਹੋ ਗਈ ਹੈ। ਆਰੰਭ ਵਿੱਚ ਇਸ ਨੂੰ ਇੱਕ 'ਮੂਰਖ ਡੱਬੇ' ਤੋਂ ਵਧੀਕ ਹੋਰ ਕੁਝ ਵੀ ਨਹੀਂ ਜਾਣਿਆ ਜਾਂਦਾ ਸੀ ਕਿਉਂਕਿ ਇਹ ਲੋਕਾਂ ਦਾ ਕੇਵਲ ਮਨ-ਪ੍ਰਚਾਵਾ ਹੀ ਕਰਦਾ ਸੀ ਅਤੇ ਇਸ ਵਿੱਚ ਇੰਨੇ ਜ਼ਿਆਦਾ ਜਾਣਕਾਰੀ ਵਾਲੇ ਚੈਨਲ ਨਹੀਂ ਹੁੰਦੇ ਸਨ। ਟੈਲੀਵਿਜ਼ਨ ਸਧਾਰਨ ਵਿਅਕਤੀ ਨੂੰ ਸੁਵੱਲਾ ਮਨੋਰੰਜਨ ਪ੍ਰਦਾਨ ਕਰਦਾ ਹੈ ਅਤੇ ਹਰ ਕੋਈ ਆਸਾਨੀ ਨਾਲ ਇਸ ਦਾ ਮਾਲਕ ਬਣ ਸਕਦਾ ਹੈ ਕਿਉਂਕਿ ਇਹ ਸਸਤਾ ਹੈ।

ਟੈਲੀਵਿਜ਼ਨ ਭਿੰਨ-ਭਿੰਨ ਵਿਸ਼ਿਆਂ ਅਤੇ ਮਸਲਿਆਂ ਬਾਰੇ ਗਿਆਨ ਪ੍ਰਦਾਨ ਕਰਦਾ ਹੈ। ਇਸ ਤੋਂ ਗਿਆਨ-ਵਿਗਿਆਨ ਦੀਆਂ ਕਾਢਾਂ, ਵਿੱਦਿਆ, ਕਾਨੂੰਨ ਅਤੇ ਸਿਹਤ ਵਿਗਿਆਨ ਬਾਰੇ ਅਜੋਕੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਟੈਲੀਵਿਜ਼ਨ ਤੇ ਭੋਜਨ ਬਣਾਉਣ ਵਾਲੇ ਸ਼ੋਅ ਦਰਸ਼ਕਾਂ ਨੂੰ ਦੁਨੀਆ ਭਰ ਦੇ ਆਹਾਰ ਬਣਾਉਣ ਅਤੇ ਇਨਾਮ ਵਜੋਂ ਮੋਟੀ ਰਾਸ਼ੀ ਜਿੱਤਣ ਵਿੱਚ ਸਹਾਇਕ ਹੁੰਦੇ ਹਨ। ਇਹ ਸਾਨੂੰ ਜੰਗਲੀ ਜਾਨਵਰਾਂ ਅਤੇ ਸਮੁੰਦਰੀ ਜੀਵਾਂ ਦੇ ਰਹੱਸਮਈ ਜੀਵਨ ਬਾਰੇ ਸਿੱਖਣ ਵਿੱਚ ਮਦਦ ਹੀ ਨਹੀਂ ਕਰਦਾ ਸਗੋਂ ਬੌਧਿਕ ਵਿਕਾਸ ਵਿੱਚ ਵੀ ਵਾਧਾ ਕਰਦਾ ਹੈ।

ਟੈਲੀਵਿਜ਼ਨ ਅਨੇਕਾਂ ਪੰਜਾਬੀ ਕਲਾਕਾਰਾਂ ਵਾਸਤੇ ਰੋਜ਼ੀ-ਰੋਟੀ ਦਾ ਇੱਕ ਵੱਡਾ ਸਾਧਨ ਹੈ। ਇਸ ਤੇ ਵਿਖਾਏ ਜਾਣ ਵਾਲੇ ਲੜੀਵਾਰ ਨਾਟਕਾਂ ਵਿੱਚ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ। ਕੁਝ ਛੋਟੇ ਪਰਦੇ ਦੇ ਪੰਜਾਬੀ ਕਲਾਕਾਰਾਂ ਨੂੰ ਫਿਲਮਾਂ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਹੈ ਅਤੇ ਉਹ ਧਨ ਨਾਲ ਮਾਲਾ-ਮਾਲ ਹੋ ਗਏ ਹਨ। ਟੈਲੀਵਿਜ਼ਨ ਤੇ ਇਸ਼ਤਿਹਾਰ ਦੇਣ ਨਾਲ ਥੋੜ੍ਹੇ ਜਿਹੇ ਸਮੇਂ ਵਿੱਚ ਕਈ ਪੰਜਾਬੀ ਵਪਾਰੀਆਂ ਦੇ ਵਾਰੇ ਨਿਆਰੇ ਹੋ ਗਏ ਹਨ।

ਟੈਲੀਵਿਜ਼ਨ ਦਾ ਸਮਾਜ ਵਿੱਚ ਛੁਪੀਆਂ ਬੁਰਾਈਆਂ ਨੂੰ ਦੂਰ ਕਰਨ ਵਿੱਚ ਇੱਕ ਸੁਚੱਜਾ ਰੋਲ ਹੈ। ਕੁਝ ਟੈਲੀਵਿਜ਼ਨ ਚੈਨਲਾਂ ਨੇ ਸਟਿੰਗ ਅਪ੍ਰੇਸ਼ਨਾਂ ਅਤੇ ਖੁਫ਼ੀਆ ਸਾਧਨਾਂ ਰਾਹੀਂ ਭ੍ਰਿਸ਼ਟ ਨੇਤਾਵਾਂ ਅਤੇ ਅਫ਼ਸਰਾਂ ਦਾ ਪਰਦਾਫਾਸ਼ ਕੀਤਾ ਹੈ। ਲੋਕਾਂ ਨੂੰ ਸਮਾਜ ਵਿਰੋਧੀ ਅਨਸਰਾਂ ਦੀਆਂ ਘਿਨਾਉਣੀਆਂ ਅਤੇ ਅਨੈਤਿਕ ਹਰਕਤਾਂ ਤੋਂ ਜਾਣੂ ਕਰਾ ਕੇ ਚੁਕੰਨੇ ਰਹਿਣ ਲਈ ਉਤਸ਼ਾਹਿਤ ਕੀਤਾ ਹੈ।

## Reading

Make your notes below on the key points of the reading text.

**Copyright information**

For confidentiality purposes, all acknowledgements of third-party copyright material are published in a separate booklet. This booklet is available for free download from www.aqa.org.uk after the live examination series.

Copyright © 2021 AQA and its licensors. All rights reserved.